ਦਫਤਰ ਜ਼ਿਲ੍ਹਾ ਮੈਜਿਸਟਰੇਟ, ਐਸ ਏ ਐਸ ਨਗਰ
OFFICE OF THE DISTRICT MAGISTRATE, S.A.S. NAGAR
PH: 0172-2219500
FAX: 0172-2219501
EMAIL: dc.mhl@punjab.gov.in

Ref. No.DCM/MA/2021/ 9292 Dated 20-5-2021

## ਹੁਕਮ

ਕੋਵਿਡ-19 ਦੀ ਮਹਾਂਮਾਰੀ ਦੇ ਕੇਸਾਂ ਵਿੱਚ ਵਾਧਾ ਹੋਣਾ ਸ਼ੁਰੂ ਹੋ ਗਿਆ ਹੈ। ਇਸ ਬਿਮਾਰੀ ਤੋਂ ਪੀੜਤ ਮਰੀਜਾਂ ਨੂੰ ਇਲਾਜ ਲਈ ਹਸਪਤਾਲਾਂ ਵਿੱਚ ਸੰਕਟਕਾਲੀਨ ਸਥਿਤੀ ਵਿੱਚ ਐਂਬੂਲੈਸਾਂ ਰਾਹੀਂ ਲਿਜਾਇਆ ਜਾਂਦਾ ਹੈ। ਕਈ ਵਾਰ ਐਂਬੂਲੈਸ ਮਾਲਕਾਂ ਵੱਲੋਂ ਜਿਆਦਾ ਰੇਟ ਚਾਰਜ ਕੀਤੇ ਜਾ ਸਕਦੇ ਹਨ। ਇਸ ਲਈ ਐਂਬੂਲੈਸਾਂ ਦੇ ਰੇਟਾਂ ਨੂੰ ਨਿਰਧਾਰਿਤ ਕੀਤਾ ਜਾਣਾ ਜਰੂਰੀ ਹੈ।

ਰਿਜਨਲ ਟਰਾਂਸਪੋਰਟ ਅਥਾਰਟੀ, ਐਸ.ਏ.ਐਸ.ਨਗਰ ਨੇ ਐਂਬੂਲੈਸਾਂ ਦੇ ਰੇਟ ਨਿਰਧਾਰਿਤ ਕਰਕੇ ਪ੍ਰਪੋਜਲ ਇਸ ਦਫਤਰ ਨੂੰ ਭੇਜੀ ਗਈ, ਇਹ ਤਜਵੀਜ ਭੇਜਣ ਤੋਂ ਪਹਿਲਾਂ ਉਨ੍ਹਾਂ ਵੱਲੋਂ ਐਂਬੂਲੈਸ ਯੂਨੀਅਨ, ਮੋਹਾਲੀ ਦੇ ਨੁਮਾਇੰਦਿਆਂ ਨਾਲ ਵੀ ਇਸ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਰਿਜਨਲ ਟਰਾਂਸਪੋਰਟ ਅਥਾਰਟੀ, ਐਸ.ਏ.ਐਸ.ਨਗਰ ਦੀ ਤਜਵੀਜ ਅਤੇ ਲੋਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਇਸ ਜਿਲ੍ਹੇ ਲਈ ਐਂਬੂਲੈਸਾਂ ਦੇ ਰੇਟ ਨਿਮਨ ਅਨੁਸਾਰ ਨਿਰਧਾਰਿਤ ਕੀਤੇ ਜਾਂਦੇ ਹਨ:-

| Sr.No. | Category of Ambulance | Maximum rate up to 25 KM (Fixed) | Per KM Rate after 25 KM | Waiting charges after half an hour |
|---|---|---|---|---|
| 1 | Without Oxygen | 1000 | 10 | 100 per hour |
| 2 | With Oxygen Facility | 1500 | 12 | 150 per hour |
| 3 | With Ventiator Facility | 3000 | 15 | 250 per hour |

ਉਕਤ ਰੇਟਾਂ ਤੋਂ ਜਿਆਦਾ ਚਾਰਜ ਕਰਨ ਵਾਲੇ ਐਂਬੂਲੈਸਾਂ ਦੇ ਮਾਲਕਾਂ/ਡਰਾਇਵਰਾਂ ਵਿਰੁੱਧ ਹੇਠ ਲਿਖੇ ਅਨੁਸਾਰ ਕਾਰਵਾਈ ਕੀਤੀ ਜਾਵੇਗੀ:-

1) ਐਂਬੂਲੈਸ ਦੇ ਚਾਲਕ ਦਾ ਡਰਾਇਵਿੰਗ ਲਾਇਸੰਸ ਰੱਦ ਕੀਤਾ ਜਾਵੇਗਾ।
2) ਐਂਬੂਲੈਸ ਦਾ ਰਜਿਸਟ੍ਰੇਸ਼ਨ ਸਰਟੀਫਿਕੇਟ ਰੱਦ ਕਰ ਦਿੱਤਾ ਜਾਵੇਗਾ।
3) ਐਂਬੂਲੈਸ ਨੂੰ ਜਬਤ ਕਰ ਦਿੱਤਾ ਜਾਵੇਗਾ।
4) ਉਲੰਘਣਾ ਕਰਨ ਵਾਲੇ ਚਾਲਕ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਜਿਲ੍ਹਾ ਮੈਜਿਸਟਰੇਟ,
ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਪਿੱਠ ਅੰਕਣ ਨੰਬਰ: 9293-9303/ਐਮ.ਏ ਮਿਤੀ: 20-5-2021

ਇਸ ਦਾ ਇੱਕ ਉਤਾਰਾ ਨਿਮਨ ਨੂੰ ਸੂਚਨਾ ਅਤੇ ਲੋੜੀਂਦੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(1) ਸੀਨੀਅਰ ਕਪਤਾਨ ਪੁਲਿਸ, ਐਸ.ਏ.ਐਸ.ਨਗਰ।
(2) ਸਿਵਲ ਸਰਜਨ, ਐਸ.ਏ.ਐਸ.ਨਗਰ।
(3) ਉਪ ਮੰਡਲ ਮੈਜਿਸਟਰੇਟ, ਮੋਹਾਲੀ/ਖਰੜ/ਡੇਰਾਬੱਸੀ।
(4) ਜਿਲ੍ਹਾ ਮਾਲ ਅਫਸਰ, ਐਸ.ਏ.ਐਸ.ਨਗਰ।
(5) ਸਕੱਤਰ, ਰੀਜਨਲ ਟ੍ਰਾਂਸਪੋਰਟ ਅਥਾਰਟੀ, ਐਸ.ਏ.ਐਸ.ਨਗਰ।
(6) ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਐਸ.ਏ.ਐਸ.ਨਗਰ।
(7) ਜਿਲ੍ਹਾ ਭਲਾਈ ਅਫਸਰ-ਕਮ-ਨੋਡਲ ਅਫਸਰ, ਕੰਟਰੋਲ ਰੂਮ, ਐਸ.ਏ.ਐਸ.ਨਗਰ।
(8) ਐਨ.ਆਈ.ਸੀ, ਐਸ.ਏ.ਐਸ.ਨਗਰ ਨੂੰ ਜਿਲ੍ਹਾ ਪ੍ਰਸ਼ਾਸ਼ਨ ਦੀ ਵੈਬਸਾਈਟ ਤੇ ਅਪਲੋਡ ਕਰਨ ਹਿੱਤ।

20/5/2021
ਜਿਲ੍ਹਾ ਮੈਜਿਸਟਰੇਟ,
ਸਾਹਿਬਜ਼ਾਦਾ ਅਜੀਤ ਸਿੰਘ ਨਗਰ।